
ਪੁਸਤਕ ਰੀਵਿਊ

# ਵਰ੍ਹਿਆਂ ਪਿੱਛੋਂ (ਕਵਿਤਾ)

## ਵਰਿਆਮ ਸਿੰਘ ਸੰਧੂ


**ਰੀਵਿਊਕਾਰ : ਡਾ. ਮਹਿਲ ਸਿੰਘ**

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 98722 66667


| | | |
|---|---|---|
| ਪ੍ਰਕਾਸ਼ਕ | : | ਲੋਕ ਗੀਤ ਪ੍ਰਕਾਸ਼ਨ, ਮੋਹਾਲੀ |
| ਸਾਲ | : | 2025 |
| ਪੰਨੇ | : | 204 |
| ਮੁੱਲ | : | 350/- ਰੁਪਏ |

ਵਰਿਆਮ ਸਿੰਘ ਸੰਧੂ ਦੀ ਪਹਿਲਾਂ ਹੀ ਬਤੌਰ ਕਹਾਣੀਕਾਰ, ਜੀਵਨੀਕਾਰ, ਵਾਰਤਕਕਾਰ ਤੇ ਪੰਜਾਬੀ ਸਾਹਿਤ ਜਗਤ ਦਾ ਵੱਡਾ ਲੇਖਕ ਤੇ ਬੁਲਾਰਾ ਹੋਣ ਦੀ ਪ੍ਰਸਿੱਧੀ ਬਣੀ ਹੋਈ ਹੈ। ਹੁਣ ਉਸ ਦੀ ਕਾਵਿ-ਪੁਸਤਕ ਵਰ੍ਹਿਆਂ ਪਿਛੋਂ (2025) ਪ੍ਰਕਾਸ਼ਿਤ ਹੋਈ ਹੈ। ਇਸ ਕਾਵਿ-ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਮੌਜੂਦਾ ਸਮਿਆਂ ਦੀਆਂ ਤੀਹ ਕਵਿਤਾਵਾਂ ਹਨ। ਦੂਸਰੇ ਭਾਗ ਵਿਚ 1975 ਤੱਕ ਦੀਆਂ ਲਿਖੀਆਂ ਛੱਬੀ ਕਵਿਤਾਵਾਂ ਹਨ। ਉੱਪਰ ਦਿੱਤੇ ਸਿਰਲੇਖ 'ਅਨਾਤਮ ਤੇ ਆਤਮ' ਤੋਂ ਭਾਵ ਸਮਾਜ ਤੇ ਸਵੈ ਨੂੰ ਜਾਣਨ-ਸਮਝਣ ਦੀ ਦੁਵੱਲੀ ਪ੍ਰਕਿਰਿਆ ਤੋਂ ਹੈ।

ਪਹਿਲੇ ਭਾਗ ਦੀਆਂ ਵਧੇਰੇ ਕਵਿਤਾਵਾਂ ਕਵੀ ਦੇ ਸਵੈ ਨਾਲ ਸਬੰਧਿਤ ਹਨ। ਇਨ੍ਹਾਂ ਵਿਚ ਅਜੋਕੇ ਸਮਿਆਂ ਵਿਚ ਬੰਦੇ ਦੀ ਹੋਂਦ, ਸਵੈ-ਪਛਾਣ ਤੇ ਆਪਣੀਆਂ ਇੱਛਾਵਾਂ ਦੀਆਂ ਸੀਮਾਵਾਂ ਦੇ ਸੂਤਰ ਹਨ। ਵਰਿਆਮ ਸੰਧੂ ਮੁਤਾਬਕ ਜੀਵਨ ਵਿਚ ਕਿਤੇ ਵੀ ਸੇਵਾ-ਮੁਕਤੀ ਨਹੀਂ ਹੈ। 'ਅੰਬਾਂ ਵਾਲੀ ਬਾਲਟੀ' ਕਵਿਤਾ ਰਾਹੀਂ ਵਿਹਲੇ ਹੋ ਕੇ ਅੰਬ ਚੂਪਣ ਦੀ ਇੱਛਾ ਘਰ ਦੇ ਜੂਠੇ ਭਾਂਡੇ ਮਾਂਜਣ ਦੇ ਦੁਨਿਆਵੀਂ ਕਾਰਜ ਹੇਠ ਦਮ ਤੋੜ ਜਾਂਦੀ ਹੈ। ਅਜੋਕੇ ਬੰਦੇ ਨੂੰ ਵਾਧੂ ਪਾਣੀ ਡੁੱਲਣ ਦਾ ਫ਼ਿਕਰ ਤਾਂ ਹੈ ਪਰ ਆਪਣੀਆਂ ਅੱਖਾਂ ਦਾ ਖਾਰਾ ਪਾਣੀ ਵਗਣ 'ਤੇ ਕੋਈ ਗਿਲਾ ਨਹੀਂ ਹੈ। ਅੱਥਰੂਆਂ ਦਾ ਪਾਣੀ ਬਿਲਕੁਲ ਸਸਤਾ ਹੋ ਗਿਆ ਹੈ। ਇਹ ਇਕ ਭਾਵ-ਪੂਰਤ ਤੇ ਸੰਵੇਦਨਸ਼ੀਲ ਮਸਲਾ ਹੈ। ਅਜੋਕਾ ਮਨੁੱਖ ਹੋਰਨਾਂ ਨੂੰ ਮਿਲਣ ਲਈ ਤਾਂਘਦਾ ਹੈ, ਪਰ ਆਪਣੇ ਆਪ ਨੂੰ ਭੁੱਲ ਹੀ ਗਿਆ ਹੈ। 'ਆਪਣੇ ਆਪ ਨੂੰ ਮਿਲਿਆਂ ਵੀ ਤਾਂ ਵਰ੍ਹੇ ਗੁਜ਼ਰ ਗਏ' ਹਨ। ਬੰਦੇ ਨੂੰ ਧਰਮ ਅਸਥਾਨਾਂ ਵਿਚ ਕਦੇ ਵੀ ਪੱਗਾਂ ਲਹਿ ਜਾਣ 'ਤੇ ਤਲਵਾਰਾਂ ਲਿਸ਼ਕ ਪੈਣ ਦਾ ਧੁੜਕੂ ਲੱਗਾ ਰਹਿੰਦਾ ਹੈ ਰੂਹਾਨੀ ਸੰਤੁਸ਼ਟੀ ਦੇਣ ਵਾਲੇ ਧਰਮ ਸਥਾਨਾਂ ਦੇ ਪ੍ਰਬੰਧਕ ਕਦੇ ਵੀ ਇਕ-ਦੂਜੇ ਨਾਲ ਉਲਝ ਸਕਦੇ ਹਨ। 'ਗੁਰੂ ਦੇ ਘਰ ਵਿਚ ਕਾਹਦਾ ਡਰ' ਦਾ ਵਿਸ਼ਵਾਸ ਹੁਣ ਤਿੜਕ ਰਿਹਾ ਹੈ। ਹਰ ਥਾਂ ਅਸੁਰੱਖਿਆ ਦਾ ਹਾਲਾ ਹੈ। ਗੁਰੂ ਨਾਨਕ ਤੇ ਮਰਦਾਨੇ ਵਾਲੀ ਸਿੱਖੀ ਦਾ ਸੰਗ-ਸਾਥ ਹੁਣ ਸਵਾਲੀਆ ਮਸਲਾ ਹੈ। ਵਰਿਆਮ ਦੀ ਕਵਿਤਾ ਵਿਚ ਅਜੋਕੇ ਫਿਕਰਾਂ ਦੇ ਜ਼ਿਕਰ ਹਨ। ਜੀਵਨ ਕੇਵਲ ਫ਼ਰਜ਼ਾਂ, ਗਰਜ਼ਾਂ ਤੇ ਔਲਾਦ ਦੇ ਕਰਜ਼ ਦਾ ਪਟਾਰਾ ਹੀ ਰਹਿ ਗਿਆ ਹੈ। ਬੰਦਾ ਘਰ ਵਿਚ ਰਹਿੰਦੇ ਹੋਏ ਵੀ ਆਪਣੇ ਘਰ ਦਾ ਤਸੱਵਰ ਭਾਲ ਰਿਹਾ ਹੈ। ਅਜਿਹੀ ਕਵਿਤਾ ਵਿਚ ਬੁੱਲ੍ਹੇ ਸ਼ਾਹ ਵਾਲੀ ਆਪਣੇ-ਆਪ ਨੂੰ ਨਾ ਜਾਣਨ-ਸਮਝਣ ਵਾਲੀ ਕਸਕ ਹੈ। ਵਰਿਆਮ ਮਾਨਵੀਂ ਸਰੋਕਾਰਾਂ ਨਾਲ ਭਰਪੂਰ ਸਾਹਿਤਕਾਰ ਹੈ। ਅਜੋਕੇ ਦੌਰ ਦੀ ਨਵੀਂ ਪੀੜ੍ਹੀ ਲਈ ਚੀਜ਼ਾਂ-ਵਸਤਾਂ ਜਾਂ ਜਾਇਦਾਦਾਂ ਹੀ ਅਸਲ ਪ੍ਰਾਪਤੀ ਹਨ। ਉਨ੍ਹਾਂ ਲਈ ਅਕਲ-ਸਮਝ 'ਤੇ ਸਾਹਿਤਕਾਰੀ 'ਵੇਹਲਿਆਂ ਦੀਆਂ ਬਾਤਾਂ' ਹਨ। ਵਰਿਆਮ ਦਾ ਅਜੇਹਾ ਪ੍ਰਗਟਾਵਾ ਜੱਗ ਦੇ ਸੰਭਾਵੀ ਸੱਚ ਦਾ ਪਰਤੌ ਹੈ। ਸਾਹਿਤਕਾਰੀ ਪੇਸ਼ ਤਾਂ ਵਿਅਕਤੀ ਰੂਪ ਵਿਚ ਹੁੰਦੀ ਹੈ ਪਰ ਇਹ ਸਮੁੱਚੇ ਸਮਾਜ ਦਾ ਭੁਲਾਵਾ ਸਰਿਜਦੀ ਹੈ। ਇਨ੍ਹਾਂ ਕਵਿਤਾ ਵਾਂ ਵਿਚ ਵਕਤੀ ਵਿਚਾਰਾਂ ਤੋਂ ਉਪਜੇ

ਅਹਿਸਾਸ ਵੀ ਹਨ ਤੇ ਬੰਦੇ ਦੇ ਜੀਣ-ਥੀਣ ਦੇ ਮੁਸ਼ਾਹਦੇ ਦੀ ਸਮਝ ਵੀ। ਕਵੀ ਨੂੰ ਆਪਣੇ ਪਿੱਛੇ ਰਹਿ ਗਏ ਘਰ ਦੇ ਇੱਕਲੇ ਤੇ ਬਿਗਾਨੇ ਹੋ ਜਾਣ ਦਾ ਝੋਰਾ ਹੈ। ਇਹ ਪਰਵਾਸ ਸੰਬੰਧੀ ਲੁਕਵੀਂ ਤੇ ਤੋਤਲੀ ਪੀੜ੍ਹਾ ਹੈ। ਅਕਸਰ ਹੀ ਪ੍ਰੌੜ ਉਮਰ ਵਿਚ ਨਾਹਰੇ, ਲਲਕਾਰੇ ਤੇ ਲਾਰੇ ਦੀ ਥਾਂ ਆਪਣੇ ਨਿਗੂਣੇ ਜਾਂ ਲਘੂ ਹੋਣ ਦੇ ਸੱਚ ਵਧੇਰੇ ਸਤਾਉਣ ਲੱਗਦੇ ਹਨ। ਇਸ ਤਰ੍ਹਾਂ ਇਹ ਕਵਿਤਾਵਾਂ ਆਪਣੇ-ਆਪ ਨੂੰ ਹੰਗਾਲਣ ਦਾ ਯਤਨ ਹਨ। ਇਹ ਕਵਿਤਾਵਾਂ ਆਪਣੇ ਆਤਮ ਰਾਹੀਂ, ਅਨਾਤਮ ਦੀ ਪਹਿਚਾਣ ਹਨ।


ਦੂਸਰੇ ਹਿੱਸੇ ਵਿਚ 1975 ਤੋਂ ਪਹਿਲਾਂ ਲਿਖੀਆਂ ਕਵਿਤਾਵਾਂ ਹਨ। ਇਹ ਸਮਾਂ ਵੱਡੇ ਵਿਚਾਰਾਂ, ਵੱਡੀਆਂ ਲਹਿਰਾਂ ਤੇ ਵੱਡੇ ਸੁਪਨਿਆਂ ਦਾ ਸੀ। ਇਸ ਸਮੇਂ ਤੱਕ ਭਾਵ 1971 ਵਿਚ ਲੇਖਕ ਦਾ ਕਹਾਣੀ-ਸੰਗ੍ਰਹਿ ਲੋਹੇ ਦੇ ਹੱਥ ਵੀ ਛਪ ਜਾਂਦਾ ਹੈ। ਇਸ ਨਾਲ ਵਰਿਆਮ ਦੀ ਬਤੌਰ ਕਹਾਣੀਕਾਰ ਪਛਾਣ ਬਣ ਜਾਂਦੀ ਹੈ, ਜੋ ਅੱਗੇ ਵੱਡੀ ਸਥਾਪਤੀ ਵਿਚ ਬਦਲ ਜਾਂਦੀ ਹੈ। ਵਰਿਆਮ ਨੂੰ ਕਹਾਣੀ ਦੇ ਖੇਤਰ ਵਿਚ 'ਸਮੁੱਚੇ ਵਿਚੋਂ ਅੱਧੇ ਆਕਾਸ਼' ਦਾ ਮਾਲਕ ਮੰਨਿਆ ਜਾਣ ਲੱਗਦਾ ਹੈ। ਅਜੇਹੀ ਪ੍ਰੱਸਧੀ ਨਾਲ ਸ਼ਾਇਦ ਇਹ ਕਵਿਤਾ ਵੱਲੋਂ ਕੁਝ ਅਵੇਸਲਾ ਹੋ ਜਾਂਦਾ ਹੈ। ਇਸ ਨੇ ਉਸ ਸਮੇਂ ਲਿਖੀਆਂ ਕਵਿਤਾਵਾਂ ਤਕਰੀਬਨ ਅੱਧੀ ਸਦੀ ਬਾਅਦ ਬਿਨਾਂ ਸੋਧ-ਸੁਧਾਈ ਦੇ ਮੂਲ-ਰੂਪ ਵਿਚ ਛਪਵਾਈਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਆਪਣੇ ਸਮੇਂ ਦੇ ਵਿਚਾਰਧਾਰਾਈ ਸੂਤਰਾਂ ਦੇ ਉੱਘੜਵੇਂ ਰੰਗ ਹਨ। ਇਕ ਪਾਸੇ ਵਿਚ ਸੱਤਾ ਦੀ ਧੌਂਸ ਹੈ। ਜ਼ਬਰ-ਜ਼ੁਲਮ ਹੈ। ਫੁੱਲਾਂ ਜਿਹੇ ਕੋਮਲਭਾਵੀ ਇਨਸਾਨਾਂ ਲਈ ਡਾਂਗਾਂ ਹਨ। ਕਵੀ ਵੱਲੋਂ ਬੁੱਤਾਂ ਨੂੰ ਕੇਵਲ ਬੁੱਤ ਬਣ ਕੇ ਵੇਖਣ ਦਾ ਉਲਾਂਭਾ ਹੈ। "ਮੇਰੇ ਬੁੱਤ ਨੂੰ ਤੁਸੀਂ, ਜੇ ਬੁੱਤ ਬਣ ਕੇ ਵੇਖਦੇ ਰਹਿਣਾ ਹੈ ਤਾਂ ਮੈਨੂੰ ਭੰਨ ਦੇਵੋ, ਤੋੜ ਦੇਵੋ ਤੇ ਮਿੱਟੀ ਵਿਚ ਮਿਲਾ ਦੇਵੋ।" ਕਵੀ ਵੱਲੋਂ 'ਸ਼ਹੀਦ' ਨੂੰ ਸਿਜਦਾ ਨਹੀਂ, ਉਸ ਤੋਂ ਪ੍ਰੇਰਨਾ ਲੈਣ ਦਾ ਨਹੋਰਾ ਹੈ। ਸਮੇਂ ਦੀ ਗਰਦਸ਼ ਮੂਹਰੇ ਲੈਨਿਨ ਬੁੱਢਾ ਹੋ ਗਿਆ ਦਿੱਸਦਾ ਹੈ। ਗੁਰੂ ਗੋਬਿੰਦ ਸਿੰਘ ਦੀ ਤਣੀ ਉਂਗਲ ਬਸ ਕਿਸੇ ਦੀ ਉਡੀਕ ਵਿਚ ਥੱਕ ਗਈ ਜਾਪਦੀ ਹੈ। ਕਵੀ ਮੁਤਾਬਕ ਗੁਰੂ ਜਾਂ ਹੋਰ ਨਾਇਕ ਕਿਤੇ ਨਹੀਂ ਗਏ, ਉਹ ਸੋਚਾਂ ਵਜੋਂ ਸਾਡੇ ਸੰਗ-ਸਾਥ ਹੀ ਹਨ। ਕਵੀ ਕਿਸੇ ਰਹਿਬਰ ਨੂੰ ਉਡੀਕਣ ਦੀ ਥਾਂ ਆਪਣੇ ਮੱਥੇ ਵਿਚ ਉਸ ਰਹਿਬਰ ਦਾ ਸੁਨੇਹਾ ਖੁਣ ਲੈਣ ਵਿਚ ਵਸ਼ਿਵਾਸ ਰੱਖਦਾ ਹੈ। ਨਾਲ ਹੀ ਕੇਸਗੜ੍ਹ ਦੇ ਮੈਦਾਨ ਵਿਚ 'ਆਪਣੇ ਹੱਥੀਂ ਆਪਣਾ ਕਾਜ ਸੰਵਾਰਨ' ਲਈ ਠਿੱਲ ਪੈਣ ਦੀ ਜੁੰਬਸ਼ ਵੀ ਹੈ। ਵਰਿਆਮ ਦੀ 'ਕਤਲ' ਕਵਿਤਾ ਮੁਤਾਬਕ ਮੌਤ ਨਾਲ ਸੋਚਾਂ ਮੁੱਕਦੀਆਂ ਨਹੀਂ, ਸਗੋਂ ਹੋਰ ਅੱਗੇ ਵੱਧਦੀਆਂ ਹਨ। ਇਹ ਤਾਂ ਆਪੋ-ਆਪਣੀ ਅੰਤਰ-ਆਤਮਾ ਦੀ ਆਵਾਜ਼ ਹੈ। ਖੁੱਲ੍ਹੀ ਜਾਂ ਜਾਗਦੀ ਅੱਖ ਦੇ ਸੂਰਜ ਵਿਚੋਂ ਜ਼ਿੰਦਗੀ ਦੀ ਲਿਸ਼ਕ ਪੈਂਦੀ ਹੈ। 'ਉਡੀਕ' ਤੇ 'ਇਕਰਾਰ' ਕਵਿਤਾ ਵਿਚ ਬਾਬੇ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਰੌਸ਼ਨ ਰਾਹ ਨੂੰ ਸਿੱਜਦਾ ਵੀ ਹੈ ਤੇ ਅਜਿਹੇ ਰਾਹ ਤੁਰਨ ਦੀ ਦਲੇਰੀ ਵੀ। ਕਵੀ ਮੁਤਾਬਕ ਸੱਚ ਦੇ ਰਾਹ ਦੁਸ਼ਵਾਰੀਆਂ ਹਨ। ਮੁਸੀਬਤਾਂ ਹਨ। ਪਰ ਜਿੰਦਾ ਰਹਣਿ ਲਈ ਜਿੰਦਾਦਿਲੀ ਦਾ ਕੋਈ ਪ੍ਰਮਾਣ ਤਾਂ ਹੋਣਾ ਚਾਹੀਦਾ ਹੈ। ਕਵੀ ਆਪਣੇ ਸਮੇਂ ਦੇ 'ਕਲਾ ਕਲਾ ਲਈ' ਵਾਲੇ ਸਥਾਪਤਿ ਕਵੀਆਂ ਨਾਲ ਆਢਾ ਵੀ ਲਾਉਂਦਾ ਹੈ। 'ਲਾਲ ਝੰਡੇ' ਨੂੰ 'ਲਾਲ ਟਾਕੀ' ਕਹਿਣ ਵਾਲਿਆਂ ਨੂੰ 'ਨਪੁੰਸਕ' ਕਿਹਾ ਗਿਆ ਹੈ। ਆਪਣੀ ਕਵਿਤਾ 'ਨਪੁੰਸਕ ਸ਼ਾਇਰੀ ਦੇ ਨਾਂ' ਵਿਚ ਡਾ. ਹਰਿਭਜਨ ਸਿੰਘ ਵਰਗੇ ਵੱਡੇ ਕਵੀ ਦੀ ਸ਼ਾਇਰੀ ਨੂੰ ਮਿਹਣੇ ਰੂਪ ਵਿਚ ਵੰਗਾਰਿਆ ਗਿਆ ਹੈ। ਕਵੀ ਮੁਤਾਬਕ 'ਉੱਗ ਰਿਹਾ ਚਾਨਣ' ਲੈ ਕੇ ਚੱਲਣ ਵਾਲੇ ਹੀ ਸਿੰਘਾਸਣ ਪਲਟਦੇ ਹਨ। ਪਰ ਅਜੇਹਾ ਰਾਹ 'ਅੱਗ ਦੀਆਂ ਲਾਟਾਂ 'ਚ ਆਲ੍ਹਣਾ' ਪਾਉਣ ਸਾਮਾਨ ਹਨ। ਇਨ੍ਹਾਂ ਕਵਿਤਾ ਵਾਂ ਵਿਚ ਆਪਣੇ ਸਮੇਂ ਦੇ ਪ੍ਰਗਤੀਵਾਦ ਸਬੰਧੀ ਜੋਸ਼-ਜਜ਼ਬਾ ਹੈ। ਕੁਝ ਕਰਨ ਦੀ ਕ੍ਰਿਆਸ਼ੀਲਤਾ ਹੈ। ਸੌਣ ਤੋਂ ਜਾਗਣ ਵੱਲ ਪਾਸਾ ਲੈਣ ਦੀ ਵਚਨਬੱਧਤਾ ਹੈ। ਵਰਿਆਮ ਦੀ ਕਵਿਤਾ ਵਿਚ ਇਤਿਹਾਸ ਮੁਖੀ ਚੇਤਨਾ ਹੈ। 'ਲਾਲੋਆਂ ਦਾ ਯਾਰ' ਕਵਿਤਾ ਵਿਚ ਮਲਕ ਭਾਗੋ ਤੇ ਭਾਈ ਲਾਲੋ ਸਬੰਧੀ ਸਪੱਸ਼ਟ ਨਿਖੇੜਾ ਹੈ। ਕਵੀ ਖੁਦ ਵੀ ਭਾਈ ਲਾਲੋ ਨਾਲ ਖਲੋਤਾ ਨਜ਼ਰ ਆਉਂਦਾ ਹੈ। ਨਾਲ ਹੋਰਨਾਂ ਨੂੰ ਵੀ ਅਜੇਹੀ ਪੁਜ਼ੀਸਨ ਲੈਣ ਦਾ ਸੁਨੇਹਾ ਦੇਂਦਾ ਹੈ। ਇਸ ਤਰ੍ਹਾਂ ਬਾਵਾ ਬਲਵੰਤ ਸਬੰਧੀ ਲਿਖੀ ਕਵਿਤਾ 'ਜਿਊਂਦੇ ਕਵੀਆਂ ਦੇ ਨਾਂ' ਵਿਚ ਕਵੀ ਦੀ ਸੋਚ ਜਿਊਂਦੀ ਰੱਖਣ ਦੀਆਂ ਰਮਜ਼ਾਂ ਹਨ। ਗੁਰੂਆਂ, ਪੀਰ-ਫ਼ਕੀਰਾਂ ਤੇ ਕਵੀਆਂ

ਦੀ ਸੋਚ ਅੱਗੇ ਜਿਊਂਦੀ ਰੱਖਣ ਵਿਚ ਹੀ ਸਾਡਾ ਸਭ ਦਾ ਅਸਲ ਜਿਊਣਾ ਮੰਨਿਆਂ ਗਿਆ ਹੈ। ਸਮੁੱਚੀ ਪੁਸਤਕ ਵਿਚ ਹੋਰ ਵੀ ਕਈ ਸੂਤਰ ਹਨ। ਪਰ ਮੇਰੀ ਤਾਂ ਇਥੇ 'ਦੇਗ 'ਚੋਂ ਦਾਣਾ' ਪਰਖਣ ਦੀ ਸੀਮਾ ਹੈ।

ਵਰਿਆਮ ਸੰਧੂ ਦੀ ਸ਼ਾਇਰੀ, ਸਾਹਿਤਕਾਰੀ ਤੇ ਆਪਣੀ ਜੀਵਨਕਾਰੀ ਵਿਚ ਕੋਈ ਦੁਫੇੜ ਨਹੀਂ ਹੈ। ਇਸ ਨੇ ਥਾਣੇ-ਕਚਿਹਰੀਆਂ ਨੂੰ ਵੀ ਸਿਰ ਉੱਠਾ ਕੇ ਭੁਗਤਿਆ ਹੈ। ਵਰਿਆਮ ਕਿਸੇ ਦੀ 'ਟੈਂ ਨਾ ਮੰਨਣ' ਵਾਲੀ ਖੁਦਦਾਰ ਸ਼ਖਸੀਅਤ ਹੈ। ਵਰਿਆਮ ਦੇ ਕਲਮੀ ਸ਼ਬਦ ਤੇ ਸਟੇਜ਼ੀ ਬੋਲਾਂ ਵਿਚ ਹਮੇਸ਼ਾ ਇਕ ਪਾਇਦਾਰ ਬਿਬੇਕ-ਬੁੱਧ ਤੇ ਜੁੱਰਅਤ ਰਹੀ ਹੈ, ਜੋ ਸਾਡੇ ਸਮਿਆਂ ਵਿਚ ਇਕ ਦੁਰਲੱਭ ਚੀਜ਼ ਹੈ। ਵਰਿਆਮ ਆਪਣੇ ਸੰਵੇਦਨਸ਼ੀਲ ਭਾਵਾਂ ਨੂੰ ਖਿਆਲਾਂ ਵਿਚ ਤੇ ਫਿਰ ਅੱਗੇ ਬਿਰਤਾਂਤ ਵਿਚ ਉਲਟਾ-ਪੁਲਟਾ ਕੇ ਪੇਸ਼ ਕਰਨ ਵਾਲਾ ਬਹੁ-ਪੱਖੀ ਸਾਹਿਤਕਾਰ ਹੈ। ਕਹਾਣੀ ਤੇ ਕਵਿਤਾ ਵਿਚ ਲੇਖਕ ਦੀ ਇਕੋ-ਜਹੀ ਲੋਕ-ਪੱਖੀ ਸਪੱਸ਼ਟ ਪੁਜੀਸ਼ਨ ਹੈ। ਇਨ੍ਹਾਂ ਸਭ ਪੱਖਾਂ ਵਿਚੋਂ ਸਮਝ ਤੇ ਸੰਵਾਦ ਵਾਲਾ ਮਾਨਵੀ ਤੱਤ ਸੁਭਾਇਮਾਨ ਹੈ। ਇਨਕਲਾਬੀ ਸੁਪਨੇ ਵਰਿਆਮ ਦੀ ਸਾਹਿਤਕਾਰੀ ਵਿਚ ਕੋਈ ਤਰਦਾ ਰੂਪ ਨਹੀਂ ਹਨ, ਸਗੋਂ ਇਹ ਸ਼ਬਦਾਂ ਦੀਆਂ ਰਮਜ਼ਾਂ ਵਿਚ ਜਜ਼ਬ ਹੋਏ ਵਿਖਾਈ ਦੇਂਦੇ ਹਨ। ਉਂਝ ਵਰਿਆਮ ਦਾ ਵੱਡਾ ਨਾਮ ਤਾਂ ਕਹਾਣੀ-ਖੇਤਰ ਵਿਚ ਹੀ ਹੈ, ਪਰ ਇਸ ਕਾਵਿ ਪੁਸਤਕ ਨਾਲ ਵਰਿਆਮ ਦਾ ਕਵੀ ਮਨ ਵੀ ਸਾਹਿਤ ਦੇ ਰਣ-ਮੈਦਾਨ ਵਿਚ ਨਿੱਤਰ ਪਿਆ ਹੈ। ਇਸ ਕਾਵਿ ਪੁਸਤਕ ਵਿਚ ਵਰਿਆਮ ਨੇ ਥੋੜ੍ਹੇ, ਚੁਣਵੇਂ ਤੇ ਸੰਕੋਚਵੇਂ ਸ਼ਬਦਾਂ ਵਿਚ ਕਈ ਵੱਡੇ ਖਿਆਲ ਪਰੋਏ ਹਨ। ਉਹ ਖਿਆਲ, ਜੋ ਵਿਚਾਰ ਵੀ ਹਨ ਤੇ ਜੀਣ-ਥੀਣ ਦੇ ਮਸਲੇ ਵੀ। ਅਕਸਰ ਹੀ ਵਰਿਆਮ ਸੰਧੂ ਨੂੰ ਆਪਣੀ ਗੱਲ ਨੂੰ ਖਲਾਰ (ਵਿਸਥਾਰ) ਕੇ ਪੇਸ਼ ਕਰਨ ਵਾਲਾ ਸਾਹਿਤਕਾਰ ਤੇ ਬੁਲਾਰਾ ਮੰਨਿਆਂ ਜਾਂਦਾ ਹੈ। ਪਰ 'ਵਰ੍ਹਿਆਂ ਪਿਛੋਂ' ਦੀਆਂ ਕਵਿਤਾਵਾਂ ਵਿਚੋਂ ਭਾਵ ਨੂੰ ਕਾਵਿਕ ਸੀਮਾਵਾਂ ਅਨੁਸਾਰ ਗਿਣੇ-ਚੁਣੇ ਸ਼ਬਦਾਂ ਵਿਚ ਪ੍ਰਗਟਾਉਣ ਦਾ ਬਾਖੂਬੀ ਹੁਨਰ ਝਲਕਦਾ ਹੈ। ਇਹ ਕਾਵਿ ਪੁਸਤਕ ਸਮੇਂ ਦੇ ਚਲਦੇ ਵਹਿਣ ਅਨੁਸਾਰ ਵਰਿਆਮ ਸੰਧੂ ਦੀ ਕਾਵਿਕ ਸਮਰੱਥਾ ਦਾ ਪ੍ਰਮਾਣ ਹੈ। ਇਤਿਹਾਸ, ਸਮਕਾਲ ਅਤੇ ਭੌਂਵਿਖ ਇਕ ਗਤੀਸ਼ੀਲ ਵਰਤਾਰਾ ਹੈ। ਵਰਿਆਮ ਦੀ ਕਵਿਤਾ ਵਿਚ ਵੀ ਸਦਾ ਚਲਦੇ ਰਹਣਿ ਵਾਲੀ ਰਵਾਨਗੀ ਹੈ। ਇਨ੍ਹਾਂ ਕਵਿਤਾਵਾਂ ਵਿਚ ਸਮਿਆਂ ਦੇ ਰੰਗ ਵੀ ਹਨ, ਨਾਲ ਉਮਰ ਨਾਲ ਨਿੱਖਰਦੀ ਸੋਝੀ ਵੀ।

ਸਾਡੇ ਕਹਾਣੀ ਵੱਲੋਂ ਨਾਵਲ ਵੱਲ ਜਾਣ ਵਾਲੇ ਕਈ ਲੇਖਕ ਹਨ। ਪਰ ਕਵਿਤਾ ਤੋਂ ਕਹਾਣੀ ਜਾਂ ਕਹਾਣੀ ਦੇ ਨਾਲ ਕਵਿਤਾ ਲਿਖਣ ਦੀ ਸਮਰੱਥਾ ਵਾਲਾ ਵਰਿਆਮ ਸੰਧੂ ਸਾਡਾ ਇਕੋ-ਇਕ ਸਾਹਿਤਕਾਰ ਹੈ। ਸਾਹਿਤ ਵਿਚ ਇਨ੍ਹਾਂ ਦੀ ਸਥਿਤੀ ਸਦਾ 'ਦੋ ਪੈਰ ਘਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ' ਵਰਗੀ ਰਹੀ ਹੈ। ਕਈ ਵਾਰ ਪਿਛਲੀ ਉਮਰੇ ਸਾਹਿਤਕਾਰਾਂ ਨੂੰ ਖਿਆਲ ਸੁੱਝਣੇ ਹੀ ਬੰਦ ਹੋ ਜਾਂਦੇ ਹਨ। ਪਰ ਵਰਿਆਮ ਨਾਲ ਅਜੇਹਾ ਨਹੀਂ ਹੋਇਆ ਹੈ। ਇਹ ਉਸ ਦੀ ਵੱਡੀ ਸਮਰੱਥਾ ਦਾ ਸੱਚ ਹੈ। ਵਰਿਆਮ ਦਾ ਕਵੀਪੁਣਾ ਕਈ ਹੋਰਨਾਂ ਲਈ ਮੱਥੇ ਦੀ ਤਿਉੜੀ ਹੋ ਸਕਦਾ ਹੈ। ਪਰ ਇਹ ਤਾਂ ਬਿਨਾਂ ਕਿਸੇ ਡਰ-ਭੈਅ ਦੇ ਕਵਿਤਾ ਦੇ ਖੇਤਰ ਵਿਚ ਆਪਣਾ ਜਲੌਅ ਨਾਲ ਦਾਖ਼ਲ ਹੋ ਗਿਆ ਹੈ। ਅਜੇਹੀ ਆਮਦ ਪੰਜਾਬੀ ਕਾਵਿ ਜਗਤ ਲਈ ਮਾਣ ਕਰਨ ਵਾਲੀ ਹੈ।

✧




# ਸੁਰਖ਼ ਸਾਜ਼ (ਨਾਵਲ)

## ਜਸਵਿੰਦਰ ਸਿੰਘ

**ਰੀਵਿਊਕਾਰ : ਡਾ. ਮਹਿਲ ਸਿੰਘ**

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 987226666

ਪ੍ਰਕਾਸ਼ਕ : ਗ੍ਰੇਸੀਅਸ ਬੁੱਕਸ, ਪਟਿਆਲਾ।
ਸਾਲ : 2024
ਪੰਨੇ : 251
ਮੁੱਲ : 350/- ਰੁਪਏ

ਇਹ ਡਾ. ਜਸਵਿੰਦਰ ਸਿੰਘ ਦਾ ਦੂਸਰਾ ਨਾਵਲ ਹੈ। ਇਸ ਨਾਵਲ ਦੇ ਮੁੱਖ ਪਾਤਰ ਹਰੀ ਪਾਲ ਤੇ ਜਸ਼ਨ ਹਨ। ਇਨ੍ਹਾਂ ਦੋਨਾਂ ਦੇ ਪਹਿਲਾਂ ਪੁਰਾਣੇ ਪਿਆਰ-ਸਬੰਧ ਟੁੱਟਦੇ ਹਨ। ਫਿਰ ਅਮਰੀਕਾ ਵਿਚ ਇਨ੍ਹਾਂ ਦੋਨਾਂ ਦਾ ਵਿਆਹ ਹੋ ਜਾਂਦਾ ਹੈ। ਪਰ ਅਖ਼ੀਰ ਜਸ਼ਨ ਆਪਣੇ ਪਤੀ ਹਰੀ ਪਾਲ ਨੂੰ ਛੱਡ ਕੇ ਆਪਣੇ ਪਹਿਲੇ ਪ੍ਰੇਮੀ ਨਾਲ ਜਾ ਵੱਸਦੀ ਹੈ। ਇਹ ਨਾਵਲ ਮੁੱਖ ਰੂਪ ਵਿਚ ਪੰਜਾਬ ਅਤੇ ਪਰਵਾਸ ਦੇ ਮਸਲਿਆਂ ਨਾਲ ਸਬੰਧਿਤ ਹੈ। ਪ੍ਰੇਮ ਸਬੰਧਾਂ ਵਿਚ ਜੱਟ-ਬ੍ਰਾਹਮਣ ਦਾ ਵਿਰੋਧ, ਕਤਲੋਗਾਰਤ, ਕਬਾਇਲੀ ਸੰਸਕਾਰਾਂ ਤੇ ਫਿਰ ਕੈਲੀਫੋਰਨੀਆਂ ਵਿਚ ਰਹਿਣ-ਵੱਸਣ ਦੀਆਂ ਦੁਸ਼ਵਾਰੀਆਂ ਹਨ। ਨਾਵਲੀ ਬਿਰਤਾਂਤ ਪ੍ਰੇਮੀਆਂ ਦੀ ਆਪਸੀ ਖਿੱਚ, ਪਰਿਵਾਰਕ ਪਿਛੋਕੜ ਤੇ ਵਿਰੋਧਾਂ ਤੋਂ ਦਿਲਚਸਪ ਹੈ। ਹਰੀ ਪਾਲ ਦੀ ਪਤਨੀ ਜਸ਼ਨ ਜਦ ਤਲਾਕ ਲੈ ਲੈਂਦੀ ਹੈ ਤਾਂ ਦੂਜੇ ਪਾਸੇ ਹਰੀ ਪਾਲ ਦਾ ਮੈਡੀਕਲ ਸਾਇੰਸ ਦਾ ਡਾਕਟਰ ਸਮਿੱਥ ਨਾਲ ਖੋਜ ਪ੍ਰੋਜੈਕਟ ਮੰਨਜ਼ੂਰ ਹੋ ਜਾਂਦਾ ਹੈ। ਕਿਤੇ ਜ਼ਿੰਦਗੀ ਤੱਪਦੀ ਭੱਠੀ ਵਾਂਗ ਸੁਰਖ਼ ਜਾਂ ਲਾਲੋ-ਲਾਲ ਵੀ ਹੈ ਤੇ ਕਿਤੇ ਉਸ ਵਿਚੋਂ ਠੀਕ ਸਾਜ਼ ਦੀ ਸੁਰ ਵੀ ਨਿਕਲਦੀ ਵਿਖਾਈ ਦਿੰਦੀ ਹੈ। ਨਾਵਲਕਾਰ ਇਹ ਵੀ ਸਪੱਸ਼ਟ ਕਰਦਾ ਹੈ ਕਿ ਅੱਗ ਦੀ ਕੋਠਾਲੀ ਦੇ ਸੰਘਰਸ਼ ਵਿਚ ਲਾਲ ਹੋਏ ਬਿਨਾਂ ਕੋਈ ਵੀ ਪ੍ਰਾਪਤੀ ਸੰਭਵ ਨਹੀਂ ਹੈ। ਇਹ ਨਾਵਲ ਜੀਵਨ ਨੂੰ ਦੁੱਖਾਂ-ਭੁੱਖਾਂ ਤੇ ਸੁੱਖਾਂ ਦੇ ਗਧੀਗੇੜ ਦੀ ਵਿਸ਼ੇਸ਼ ਧਾਰ ਨਾਲ ਪੇਸ਼ ਹੋਇਆ ਹੈ। ਇਹ ਨਾਵਲ ਆਮ ਸੁਭਾਵਕ ਜ਼ਿੰਦਗੀ ਤੇ ਯਥਾਰਥ ਦੇ ਸਨਮੁੱਖ ਹੈ। ਕਿਤੇ-ਕਿਤੇ ਘਟਨਾਵਾਂ ਦਾ ਰੂਪ ਰੁਮਾਂਚਕ ਅਤੇ ਪਾਤਰਾਂ ਦਾ ਵਤੀਰਾ ਕੁਝ ਅਸੁਭਾਵਕ ਵੀ ਲੱਗਦਾ ਹੈ। ਇਸ ਦੀ ਵਿਸੇਸਤਾਂ 'ਗੋਲਡਨ ਸਟੇਟ ਕੈਲੇਫੋਰਨੀਆਂ' ਦੇ ਸੁਪਨੇ ਲੈਣ ਵਾਲੇ ਪਰਵਾਸੀਆਂ ਨਾਲ ਵਾਪਰਦੀਆਂ ਅਸਲ ਦੁਸ਼ਵਾਰੀਆਂ ਨਾਲ ਸਬੰਧਿਤ ਹੈ। ਨਾਵਲਕਾਰ ਮੁਤਾਬਕ ਜੀਵਨ 'ਫੁੱਲਾਂ ਦੀ ਸੇਜ਼' ਜਾਂ ਸੰਪੂਰਨ ਕਿਤੇ ਵੀ ਨਹੀਂ ਹੈ। ਇਸ ਤਰ੍ਹਾਂ ਨਾਵਲਕਾਰ ਦੀ ਆਪਣੀ ਨਾਵਲੀ ਪੁਜੀਸ਼ਨ ਸਪੱਸ਼ਟ ਵੀ ਹੈ ਤੇ ਮਹੱਤਵਪੂਰਨ ਵੀ ਪਰ ਇਸ ਵਿਚ ਸਥਾਨਕਤਾ, ਪਾਤਰਾਂਵਲੀ ਤੇ ਕਥਾ-ਰਸ ਪੱਖੋਂ ਸੰਘਣਨ ਨਹੀਂ ਹੈ। ਨਾਵਲੀ ਕਥਾ ਜਦ ਆਪਣੇ ਕੇਂਦਰੀ ਵਿਸ਼ੇ ਤੋਂ ਆਸੇ-ਪਾਸੇ ਫ਼ੈਲਦੀ ਹੈ ਇਸ ਵਿਚ ਕੁਝ ਢਿੱਲਾਪਨ ਮਹਿਸੂਸ ਹੁੰਦਾ ਹੈ।


✧

# ਰੌਲ਼ਿਆਂ ਵੇਲੇ (ਨਾਵਲ)

## ਬਲਬੀਰ ਪਰਵਾਨਾ

ਰੀਵਿਊਕਾਰ : ਡਾ. ਮਹਿਲ ਸਿੰਘ

ਵਾਈਸ-ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ।
✆ 987226666



| | | |
|---|---|---|
| ਪ੍ਰਕਾਸ਼ਕ | : | ਲੋਕ ਗੀਤ ਪ੍ਰਕਾਸ਼ਨ, ਮੋਹਾਲੀ |
| ਸਾਲ | : | 2025 |
| ਪੰਨੇ | : | 204 |
| ਮੁੱਲ | : | 350/- ਰੁਪਏ |

ਬਲਬੀਰ ਪਰਵਾਨਾ ਬਹੁ-ਵਿਧਾਈ ਨਾਵਲਕਾਰ ਹੈ। ਪਰ ਪਿਛਲੇ ਸਮਿਆਂ ਤੋਂ ਉਸ ਨੇ ਨਾਵਲ ਉੱਤੇ ਵਧੇਰੇ ਧਿਆਨ ਜੋੜਿਆ ਹੈ। ਪਰਵਾਨਾ ਨੇ ਵਿਸ਼ੇਸ਼ ਕਰਕੇ ਹਰੇ-ਇੰਕਲਾਬ ਤੋਂ ਬਾਅਦ ਪਿੰਡ ਤੇ ਖੇਤੀ ਦੀ ਬਦਲ ਰਹੀ ਨੁਹਾਰ ਉੱਤੇ ਧਿਆਨ ਜੋੜਿਆ ਹੈ। ਰੌਲ਼ਿਆਂ ਵੇਲੇ ਪਰਵਾਨਾ ਦਾ ਹੁਣ ਤਕ ਦਾ ਆਖ਼ਰੀ ਨਾਵਲ ਹੈ। ਇਹ ਨਾਵਲ  ਆਪਣੇ ਨਾਂ ਮੁਤਾਬਕ ਦੇਸ਼-ਵੰਡ ਦੇ ਰੌਲਿਆਂ ਨਾਲ ਸਬੰਧਿਤ ਹੈ। ਨਾਵਲ ਵਿਚ ਨਵੀਂ ਪੀੜ੍ਹੀ ਦੇ ਪਾਤਰ ਮੋਬਾਇਲ ਰੂਪੀ ਅਜੋਕੀ ਸੂਚਨਾ ਤਕਨਾਲੋਜੀ ਰਾਹੀਂ ਦੇਸ਼-ਵੰਡ ਦੀਆਂ ਘਟਨਾਵਾਂ ਦੀ ਵੀਡਿਓਗ੍ਰਾਫ਼ੀ ਕਰਦੇ ਹਨ। ਦੂਜੇ ਪਾਸੇ ਵੰਡ ਤੋਂ ਪ੍ਰਭਾਵਿਤ ਪੁਰਾਣੀ ਪੀੜ੍ਹੀ ਦੇ ਪਾਤਰ ਹਨ। ਨਾਵਲਕਾਰ ਇਹ ਸੱਚ ਉਭਾਰਦਾ ਹੈ ਕਿ ਸੂਫ਼ੀ ਕਵੀਆਂ ਤੇ ਗੁਰੂ ਨਾਨਕ ਦੇ ਸੰਦੇਸ਼ ਵਾਲੀ ਸਾਡੀ ਸਾਂਝੀ ਰੂਹਾਨੀ ਤੇ ਸਮਾਜਕ ਰਹਿਤਲ ਵੰਡ ਵੇਲੇ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਸੀ। ਸਾਡੀ ਦੁਨੀਆਂ ਭਰ ਵਿਚ ਜ਼ੋਰਦਾਰ ਰੂਪ ਵਿਚ ਜਾਣੀ ਜਾਂਦੀ ਸਭਿਆਚਾਰ ਵਿਸ਼ੇਸ਼ਤਾ ਨੂੰ ਵੰਡ ਕਾਰਨ ਵੱਡੀ ਢਾਹ ਲੱਗੀ ਹੈ। ਦੇਸ਼-ਵੰਡ ਕਾਰਣ ਆਬਾਦੀ ਦੇ ਤਬਾਦਲੇ ਨਾਲ ਸਾਡੇ ਕਈ ਨਿੱਕੇ-ਨਿੱਕੇ ਕਿੱਤਿਆਂ ਨੂੰ ਵੀ ਮਾਰ ਪਈ ਸੀ। ਨਾਵਲਕਾਰ ਨੇ ਵੰਡ ਦੇ ਆਰਥਿਕ, ਸਮਾਜਿਕ ਤੇ ਰਾਜਸੀ ਸਰੋਕਾਰਾਂ ਦੀ ਵੀ ਨਿਸ਼ਾਨਦੇਈ ਕੀਤੀ ਹੈ। ਅਜੇਹੀ ਨਿਸ਼ਾਨਦੇਹੀ ਨਾਲ ਅਸੀਂ ਵੰਡ ਪਿਛੇ ਦਿਸਦੇ ਤੇ ਛੁਪੇ ਕਾਰਨਾਂ ਨੂੰ ਭਲੀਭਾਂਤ ਜਾਣ ਸਕਦੇ ਹਾਂ। ਨਾਵਲ ਦੀ ਬਿਰਤਾਂਤਕ ਤਕਨੀਕ ਵਿਚ ਵੇਰਵਿਆਂ ਦੀ ਪੇਸ਼ਕਾਰੀ ਕੁਝ ਅਲਪ-ਗਲਪੀ ਕਿਸਮ ਦੀ ਹੈ। ਇਸ ਨਾਲ ਨਾਵਲ ਵਿਚ ਗਲਪੀ ਤਸਵੀਰਕਸ਼ੀ ਕੁਝ ਕਮਜ਼ੋਰ ਪੈਂਦੀ ਹੈ। ਉਂਝ ਇਹ ਪਰਵਾਨਾ ਦੇ ਪਹਿਲੇ ਨਾਵਲਾਂ ਵਾਂਗ ਯਥਾਰਥਕ ਰੰਗਤ ਵਾਲੀ ਰਚਨਾ ਹੈ। ਨਾਵਲਕਾਰ ਦਾ ਮੁੱਖ ਜ਼ੋਰ ਨਾਵਲੀ ਬਿਰਤਾਂਤ ਵਿਚ ਤਣਾਓ, ਟਕਰਾਓ ਤੇ ਨਾਟਕੀਪਣ ਸਿਰਜਣ ਦੀ ਥਾਂ ਇਤਿਹਾਸ ਦੇ ਮਹਾਂ-ਦੁਖਾਂਤ ਤੋਂ ਕੁਝ ਸਿੱਖਣ-ਸਮਝਣ ਉੱਤੇ ਹੈ। ਪਰਵਾਨਾ ਨੇ ਆਪਣੇ ਪਹਿਲੇ ਨਾਵਲਾਂ ਦੇ ਸਮਕਾਲੀ ਵਿਸ਼ਿਆਂ ਨਾਲੋਂ ਹੱਟ ਕੇ ਕੁਝ ਨਵਾਂ ਲਿਖਿਆ ਹੈ। ਪਰਵਾਨਾ ਸਾਡਾ ਤੇਜ਼ੀ ਨਾਲ ਲਿਖਣ ਤੇ ਛਪਣ ਵਾਲਾ ਨਾਵਲਕਾਰ ਹੈ। ਇਸ ਦੀ ਗਲਪੀ ਪ੍ਰਤੀਬੱਧਤਾ ਤੇ ਵਫ਼ਾਦਾਰੀ ਹਮੇਸ਼ਾ ਹੀ ਪੀੜ੍ਹਤ ਲੋਕਾਈ ਦੇ ਮਸਲਿਆਂ ਨਾਲ ਜੁੜੀ ਰਹਿੰਦੀ ਹੈ। ਇਹ ਬੀਤੇ ਦੇ ਹਵਾਲੇ ਨਾਲ ਸਮਕਾਲ ਵਿਚ ਆਪਣੇ-ਆਪ ਨੂੰ ਸੋਧਣ/ਪ੍ਰਬੋਧਣ ਦੇ ਸੁਨੇਹੇ ਵਾਲੀ ਰਚਨਾ ਹੈ।

✧






# ਨਲਵਾ ਜਰਨੈਲ ਬਾਝੋਂ (ਨਾਵਲ)

## ਬਲਦੇਵ ਸਿੰਘ

**ਰੀਵਿਊਕਾਰ : ਪਰਮਜੀਤ ਢੀਂਗਰਾ**

ਸਾਬਕਾ ਡਾਇਰੈਕਟਰ, ਰੀਜ਼ਨਲ ਸੈਂਟਰ ਮੁਕਤਸਰ
✆ 94173-58120

| | | |
|---|---|---|
| ਪ੍ਰਕਾਸ਼ਕ | : | ਲੋਕ ਗੀਤ ਪ੍ਰਕਾਸ਼ਨ, ਮੋਹਾਲੀ |
| ਸਾਲ | : | 2025 |
| ਪੰਨੇ | : | 204 |
| ਮੁੱਲ | : | 350/- ਰੁਪਏ |

ਇਤਿਹਾਸਕ ਨਾਵਲ ਇਤਿਹਾਸ ਨਹੀਂ ਹੁੰਦੇ ਸਗੋਂ ਇਤਿਹਾਸਕ ਨਾਇਕਾਂ, ਘਟਨਾਵਾਂ, ਸਥਿਤੀਆਂ ਤੇ ਮੌਖਿਕ ਇਤਿਹਾਸ ਦੇ ਗਲਪੀ ਚੇਹਰੇ-ਮੋਹਰੇ ਹੁੰਦੇ ਹਨ। ਇਤਿਹਾਸ ਨੂੰ ਰੂਪਾਂਤਰਣ ਦੀ ਵਿਧੀ ਨਾਲ ਛਾਂਗ ਕੇ ਉਹਦੇ ਗਲਪੀ ਸੁਭਾਅ ਵਾਲੇ ਹਿੱਸਿਆਂ ਨੂੰ ਕੱਥ ਵਿਚ ਢਾਲਿਆ ਜਾਂਦਾ ਹੈ। ਇਤਿਹਾਸਕ ਨਾਇਕਾਂ ਬਾਰੇ ਜੋ ਬਣੇ ਬਣਾਏ ਬਿਰਤਾਂਤ ਹੁੰਦੇ ਹਨ, ਲੇਖਕ ਆਪਣੀ ਲੋੜ ਅਨੁਸਾਰ ਉਨ੍ਹਾਂ ਨੂੰ ਕਲਾਤਮਕ ਰੂਪ ਵਿਚ ਢਾਲਦਾ ਹੈ। ਇਸੇ ਤਰ੍ਹਾਂ ਇਤਿਹਾਸ ਵਿਚ ਪੇਸ਼ ਸਮੱਗਰੀ ਨੂੰ ਵੀ ਉਹਨੇ ਆਪਣੇ ਸੁਜੇਤ ਦੀ ਲੋੜ ਅਨੁਸਾਰ ਚੁਣਨਾ ਹੁੰਦਾ ਹੈ। ਇੱਥੇ ਲੇਖਕ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਇਤਿਹਾਸਕ ਸਾਮੱਗਰੀ ਵਿਚੋਂ ਪ੍ਰਮਾਣਕ ਘਟਨਾਵਾਂ, ਸਥਿਤੀਆਂ ਤੇ ਤੱਥਾਂ ਦੀ ਖੋਜ ਕਰਕੇ ਗਲਪੀ ਪਾਠ ਤਿਆਰ ਕਰੇ। ਤੱਥਾਂ ਦੇ ਬਦਲਾਅ ਦੀ ਸਥਿਤੀ ਵਿਚ ਪ੍ਰਭਾਵ ਪੇਤਲਾ ਪੈ ਜਾਂਦਾ ਹੈ ਤੇ ਕਈ ਵਾਰ ਇਤਿਹਾਸਕ ਸਥਿਤੀਆਂ ਹਾਸੋਹੀਣੀਆਂ ਹੋ ਜਾਂਦੀਆਂ ਹਨ। ਇਹਦੀ ਖੋਜ ਕਰਕੇ ਹੀ ਫੈਸਲਾ ਕਰਨਾ ਉਚਿਤ ਹੁੰਦਾ ਹੈ। ਏਸੇ ਤਰ੍ਹਾਂ ਇਤਿਹਾਸਕ ਨਾਇਕ ਦੇ ਨਾਲ ਜੇ ਹੋਰ ਗਲਪੀ ਪਾਤਰ ਸਿਰਜਣੇ ਹਨ ਤਾਂ ਉਨ੍ਹਾਂ ਦੀ ਚੋਣ ਵਿਸ਼ੇਸ਼ ਇਤਿਹਾਸਕ ਕਾਲ-ਖੰਡ ਵਿਚੋਂ ਹੋਣੀ ਚਾਹੀਦੀ ਤਾਂ ਕਿ ਉਹ ਘਟਨਾਵਾਂ ਤੇ ਸਥਿਤੀਆਂ ਦੇ ਗਵਾਹ ਬਣ ਸਕਣ। ਇਹਦੇ ਨਾਲ ਗਲਪੀ ਭਾਸ਼ਾ ਦੀ ਸੰਚਾਰ ਯੋਗਤਾ ਵਿਚ ਉਸ ਵਿਸ਼ੇਸ਼ ਇਤਿਹਾਸਕ ਕਾਲ-ਖੰਡ ਦੀ ਭਾਸ਼ਾ ਦਾ ਟੱਚ ਵੀ ਜ਼ਰੂਰੀ ਹੁੰਦਾ ਹੈ। ਜੇ ਪਾਤਰ ਲੇਖਕ ਦੀ ਲਿਸ਼ਕਾਈ ਬੋਲੀ ਵਰਤਣ ਲੱਗ ਜਾਣ ਤਾਂ ਭਾਸ਼ਾਈ ਅਸਰ ਖੀਣ ਹੋ ਜਾਏਗਾ। ਜੇ ਨਾਵਲ ਕਿਸੇ ਇਤਿਹਾਸਕ ਨਾਇਕ ਬਾਰੇ ਹੈ ਤਾਂ ਉਹਦੇ ਜੀਵਨੀ-ਮੂਲਕ ਵੇਰਵੇ ਇਹਦਾ ਮੂਲ ਆਧਾਰ ਬਣਨਗੇ। ਨਾਇਕ ਦੀ ਜੀਵਨੀ ਬਾਰੇ ਮਿੱਥਾਂ, ਦੰਦ ਕਥਾਵਾਂ, ਲੋਕ ਉਕਤੀਆਂ ਨੂੰ ਜੁਗਤ-ਪ੍ਰਬੰਧ ਵਜੋਂ ਵਰਤਿਆ ਜਾ ਸਕਦਾ ਹੈ। ਇਹਦੇ ਨਾਲ ਉਸਦੇ ਸਮੇਂ ਨੂੰ ਚਿਤਰਣ ਲਈ ਲੇਖਕ ਆਪਣੀ ਕਲਾ-ਮੁਹਾਰਤ ਵਰਤ ਸਕਦਾ ਹੈ। ਨਾਟਕੀ ਜੁਗਤਾਂ ਨਾਲ ਸਮੇਂ ਨੂੰ ਸਕਾਰ ਕਰ ਸਕਦਾ ਹੈ।

ਇਨ੍ਹਾਂ ਨੁਕਤਿਆਂ ਦੇ ਪ੍ਰਸੰਗ ਵਿਚ ਬਲਦੇਵ ਸਿੰਘ ਰਚਿਤ ਨਾਵਲ 'ਨਲਵਾ ਜਰਨੈਲ ਬਾਝੋਂ' ਨੂੰ ਘੋਖਿਆ ਜਾ ਸਕਦਾ ਹੈ। ਬਲਦੇਵ ਸਿੰਘ ਨੇ ਪਿਛਲੇ ਕਾਫੀ ਅਰਸੇ ਵਿਚ ਆਪਣੇ ਗਲਪੀ ਸੰਸਾਰ ਦਾ ਫੋਕਸੀਕਰਨ ਪੰਜਾਬ ਦੇ ਇਤਿਹਾਸ ਤੇ ਸਿੱਖ ਬਹਾਦਰ ਯੋਧਿਆਂ 'ਤੇ ਕੀਤਾ ਹੋਇਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਭਾਈ ਵੀਰ ਸਿੰਘ ਤੇ ਕਰਨਲ ਨਰਿੰਦਰ ਪਾਲ ਸਿੰਘ ਨੇ ਇਤਿਹਾਸਕ ਨਾਵਲ ਲਿਖਣ ਦੀ ਪਹਿਲ ਕੀਤੀ ਸੀ ਪਰ ਉਨ੍ਹਾਂ ਦਾ ਜ਼ੋਰ ਇਤਿਹਾਸਕ ਘਟਨਾਵਾਂ ਤੇ ਜੰਗਾਂ-ਯੁੱਧਾਂ ਦੀ ਪੇਸ਼ਕਾਰੀ ਵੱਲ ਵਧੇਰੇ ਸੀ। ਇਸਦੇ ਉਲਟ ਬਲਦੇਵ ਸਿੰਘ ਨਾਇਕਤਵ ਦੇ ਜਲੌ ਵਿਚੋਂ ਇਤਿਹਾਸਕ ਸਿਰਜਣਾ ਨੂੰ ਮੁੜ ਘੜਦਾ ਹੈ। ਪੰਜਾਬੀ ਵਿਚ ਕੁਝ ਲੇਖਕਾਂ ਨੇ ਵਿਦੇਸ਼ੀ ਲੇਖਕਾਂ ਦੇ ਜੀਵਨ ਬਿਰਤਾਂਤ ਇਰਵਿੰਗ ਸਟੋਨ ਦੇ ਮਾਡਲ 'ਤੇ ਲਿਖਣ ਦਾ ਉਪਰਾਲਾ ਵੀ ਕੀਤਾ, ਖਾਸ ਕਰਕੇ ਇੰਦਰ ਸਿੰਘ ਖ਼ਾਮੋਸ਼ ਦੀਆਂ ਰਚਨਾਵਾਂ। ਪਰ ਬਲਦੇਵ ਸਿੰਘ ਨੇ ਆਪਣੇ ਇਤਿਹਾਸਕ ਬਿਰਤਾਂਤਾਂ ਵਿਚ ਪੰਜਾਬ ਦੇ ਸੂਰਬੀਰ ਯੋਧਿਆਂ ਦੇ ਜੀਵਨ ਆਦਰਸ਼ਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।


(ਪੰਨੇ 170-172)
www.sanvad.org
ISSN : 2395-1273

ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਦੇ ਰੂਪ ਵਿਚ ਸ੍. ਹਰੀ ਸਿੰਘ ਨਲਵਾ ਬਾਰੇ ਬਹੁਤ ਸਾਰੀਆਂ ਦੰਦ ਕਥਾਵਾਂ ਤੇ ਉਹਦੀ ਬਹਾਦਰੀ ਦੇ ਕਾਰਨਾਮੇ ਪ੍ਰਚਲਤ ਹਨ। ਇਹ ਮੌਖਿਕ ਇਤਿਹਾਸ ਦਾ ਅੰਗ ਹੋਣ ਦੇ ਬਾਵਜੂਦ ਲੋਕਾਂ ਵਿਚ ਜਾਣੇ ਪਛਾਣੇ ਤੱਥਾਂ ਵਜੋਂ ਮਿਲਦੇ ਹਨ। ਇਹਦੇ ਨਾਲ ਉਹਦੀ ਬਹਾਦਰੀ ਤੇ ਜਮਰੌਦ ਦੇ ਕਿਲ੍ਹੇ ਦੀ ਫਤਿਹ ਉਹਦੇ ਜਲੌਂ ਦੇ ਤੱਥਕ ਪ੍ਰਮਾਣ ਹਨ।

ਇਸ ਨਾਵਲੀ ਬਿਰਤਾਂਤ ਦੀ ਸ਼ੁਰੂਆਤ ਲੇਖਕ ਹਰੀ ਸਿੰਘ ਨਲਵੇ ਦੇ ਜਨਮ ਤੇ ਉਹਦੇ ਖਾਨਦਾਨ ਨਾਲ ਕਰਦਾ ਹੈ। ਨਾਇਕ-ਮੁਖ ਪਾਠ ਹੋਣ ਕਰਕੇ ਉਹ ਆਪਣੇ ਨਾਇਕ ਦੇ ਨਿੱਕੇ ਨਿੱਕੇ ਵੇਰਵੇ ਇਤਿਹਾਸਕ ਤੱਥਾਂ ਤੇ ਗਲਪੀ ਸ਼ੈਲੀ ਦੇ ਨਾਲ ਨਾਲ ਨਾਟਕੀ ਜੁਗਤਾਂ ਰਾਹੀਂ ਪੇਸ਼ ਕਰਦਾ ਹੈ-

'ਵਰਤਮਾਨ ਜ਼ਿਲ੍ਹਾ ਅੰਮ੍ਰਿਤਸਰ, ਕਸਬਾ ਜਾਂ ਨਗਰ ਮਜੀਠਾ।

ਉੱਪਲ ਖੱਤਰੀ ਖਾਨਦਾਨ ਦਾ ਮੋਢੀ ਸਰਦਾਰ ਹਰਿਦਾਸ ਸਿੰਘ ਉੱਪਲ। ਸਬੱਬ ਇਹ ਬਣਿਆ, ਅਠ੍ਹਾਰਵੀਂ ਸਦੀ ਦੀ ਸੰਧਿਆ ਦੇ ਵਰ੍ਹਿਆਂ ਤੋਂ ਬਹੁਤ ਪਹਿਲਾਂ ਬਾਬਾ ਬੁੱਢਾ ਸਿੰਘ ਉਰਫ ਬੁੱਧ ਸਿੰਘ ਦਾ ਪੁੱਤਰ ਨੌਧ ਸਿੰਘ ਆਪਣੇ ਪਿਤਾ ਦੇ ਸਵਰਗਵਾਸ ਹੋਣ ਪਿਛੋਂ, ਗੁੱਜਰਾਂ ਵਾਲੇ ਦਾ ਵਸੇਬਾ ਛੱਡ ਕੇ, ਆਪਣੇ ਭਾਈ ਚੰਦਾ ਸਿੰਘ ਨਾਲ ਰਾਜਾਸਾਂਸੀ ਆ ਵਸਿਆ। ਨੌਧ ਸਿੰਘ ਦੀ ਸ਼ਾਦੀ, ਮਜੀਠੇ ਵਾਲੇ ਭਾਈ ਗੁਲਾਬ ਸਿੰਘ ਸ਼ੇਰਗਿੱਲ ਦੀ ਲੜਕੀ ਬੀਬੀ ਲਾਲ ਕੌਰ ਨਾਲ ਹੋ ਗਈ। ਇਥੇ ਨੌਧ ਸਿੰਘ ਦਾ ਮੇਲ ਸਰਦਾਰ ਹਰਿਦਾਸ ਸਿੰਘ ਉੱਪਲ ਨਾਲ ਹੋਇਆ।'

ਇੰਜ ਪਹਿਲੀ ਨਜ਼ਰੇ ਇਹ ਪਾਠ ਜੀਵਨੀ ਦਾ ਪ੍ਰਭਾਵ ਸਿਰਜਦਾ ਹੈ। ਮੁੱਢਲੇ ਕਾਂਡ ਖਾਨਦਾਨ ਦੇ ਵਿਸਥਾਰ ਤੇ ਅੱਗੇ ਪਿਛੇ ਨਾਲ ਓਤਪੋਤ ਹਨ। ਹਰੀ ਸਿੰਘ ਦੇ ਬਚਪਨ ਦੀ ਗੱਲ ਕਰਦਿਆਂ ਉਹਨੂੰ ਸ਼ੁਰੂ ਤੋਂ ਹੀ ਪੜ੍ਹਾ,ਲਿਖਾ ਕੇ ਲਾਡਾਂ ਨਾਲ ਪਾਲਿਆ ਜਾਂਦਾ ਹੈ ਕਿਉਂਕਿ ਉਹ ਉੱਪਲ ਘਰਾਣੇ ਦਾ ਸਿੱਕਾਂ ਸਿੱਕ ਕੇ ਲਿਆ ਪੁੱਤਰ ਹੈ-

'ਵਿਆਹ ਤੋਂ ਲੰਮਾ ਸਮਾਂ ਬਾਅਦ ਪੈਦਾ ਹੋਇਆ ਹਰੀ ਸਿੰਘ, ਉੱਪਲ ਘਰਾਣੇ ਵਿਚ ਇਕੋ ਇਕ ਬਾਲ ਹੋਣ ਕਰਕੇ, ਬੜੇ ਲਾਡਾਂ ਮਲ੍ਹਾਰਾਂ ਨਾਲ ਪਾਲਿਆ। ਜਦ ਉਹ ਕੁਝ ਜਾਨਣ ਸਿਖਣ ਦੀ ਆਯੂ ਦਾ ਹੋਇਆ ਤਾਂ ਗੁਰਦਿਆਲ ਸਿੰਘ ਨੇ ਉਸਨੂੰ ਵਿਦਿਆ ਪੜ੍ਹਾਉਣ ਲਈ, ਇਕ ਸਿੱਖ ਵਿਦਵਾਨ ਦਾ ਯੋਗ ਪ੍ਰਬੰਧ ਕੀਤਾ ਤੇ ਨਾਲ ਹੀ ਫਾਰਸੀ ਪੜ੍ਹਾਉਣ ਲਈ ਵੀ ਇਕ ਫਾਜ਼ਲ ਮੁਲਾਣੇ ਦੀ ਜ਼ਿੰਮੇਵਾਰੀ ਲਾਈ ਗਈ।'

ਇਸ ਤਰ੍ਹਾਂ ਬਚਪਨ ਤੋਂ ਹੀ ਉਹਨੂੰ ਵਿਦਵਾਨ, ਯੋਧਾ ਤੇ ਉੱਚ ਦਮਾਲੜੀ ਸ਼ਖਸੀਅਤ ਬਣਾਉਣ ਲਈ ਸੁਚੇਤ ਜਤਨ ਕੀਤੇ ਜਾਂਦੇ ਹਨ। ਹਾਲਾਂਕਿ ਉਸ ਸਮੇਂ ਕਿਸੇ ਨੂੰ ਨਹੀਂ ਸੀ ਪਤਾ ਕਿ ਇਹ ਬਾਲਕ ਵੱਡਾ ਹੋ ਕੇ ਇਤਿਹਾਸ ਵਿਚ ਆਪਣਾ ਨਾਂ ਸੁਨ੍ਹੈਰੀ ਅੱਖਰਾਂ ਵਿਚ ਲਿਖਵਾਏਗਾ। ਇਸ ਬਾਰੇ ਲੇਖਕ ਭਵਿੱਖ ਬਾਣੀ ਦੇ ਰੂਪ ਵਿਚ ਬਿਰਤਾਂਤ ਵਿਚ ਇਹ ਸਭ ਕੁਝ ਦਰਜ ਕਰਦਾ ਲਿਖਦਾ ਹੈ-

'ਉਸ ਸਮੇਂ ਕੋਈ ਵੀ ਨਹੀਂ ਸੀ ਜਾਣਦਾ, ਇਹੀ 7-8 ਸਾਲਾਂ ਦਾ ਪਿਓ ਵਾਹਰਾ ਬੱਚਾ ਆਉਣ ਵਾਲੇ ਸਮੇਂ ਵਿਚ ਇਤਿਹਾਸ ਤਾਂ ਸਿਰਜੇਗਾ ਹੀ,ਇਤਿਹਾਸ ਨੂੰ ਨਵਾਂ ਮੋੜ ਵੀ ਦੇਵੇਗਾ, ਜਿਸਨੂੰ ਪੂਰਾ ਸੰਸਾਰ ਦੇਖੇਗਾ। ਇਹੀ ਬੱਚਾ ਖਾਲਸਾ ਰਾਜ ਵਿਚ ਖਾਲਸਾ ਫੌਜ ਦਾ ਅਜਿਹਾ ਦਲੇਰ ਸਿਪਾਹ-ਸਲਾਰ ਬਣੇਗਾ, ਆਪਣੇ ਨਾਮ ਦਾ ਸਿੱਕਾ ਚਲਾਏਗਾ। ਗਰੀਬਾਂ ਤੇ ਦੁਖੀਆਂ ਦਾ ਮਸੀਹਾ ਬਣੇਗਾ ਤੇ ਖਾਲਸਾ ਰਾਜ ਵਿਚ ਕਾਮਯਾਬ ਗਵਰਨਰ ਬਣੇਗਾ। ਇਹੀ ਬੱਚਾ ਮਹਾਰਾਜਾ ਰਣਜੀਤ ਸਿੰਘ ਤੋਂ ਦੂਸਰੇ ਨੰਬਰ 'ਤੇ ਸਭ ਤੋਂ ਵੱਧ ਸਤਿਕਾਰਿਆ ਜਾਵੇਗਾ ਤੇ ਸਭ ਤੋਂ ਖੂੰਖਾਰ ਤੇ ਲੜਾਕੂ ਅਫਗਾਨੀ ਪਠਾਣ ਇਸਦੇ ਨਾਮ ਤੋਂ ਕੰਬਿਆ ਕਰਨਗੇ।'

ਇਸ ਤਰ੍ਹਾਂ ਲੇਖਕ ਨੇ ਉਹਦੇ ਉਹ ਗੁਣ ਉਭਾਰ ਦਿਤੇ ਜਿਨ੍ਹਾਂ ਕਰਕੇ ਇਤਿਹਾਸ ਵਿਚ ਉਹਦੇ ਕਾਰਨਾਮੇ ਦਰਜ ਹਨ। ਇਸ ਬਿਰਤਾਂਤ ਵਿਚ ਉਹ ਮੋੜ ਸਭ ਤੋਂ ਅਹਿਮ ਹੈ ਜਦੋਂ ਉਹਦਾ ਮਾਮਾ ਉਹਨੂੰ ਲਹੌਰ ਦਰਬਾਰ ਵਿਚ ਲੈ ਕੇ ਜਾਂਦਾ ਹੈ ਤੇ ਮਹਾਰਾਜਾ ਰਣਜੀਤ ਸਿੰਘ ਉਹਦੇ ਕੱਦ ਕਾਠ ਤੇ ਰਿਸ਼ਟ ਪੁਸ਼ਟ ਡੀਲ ਡੌਲ ਨੂੰ ਦੇਖ ਕੇ ਉਹਦੇ ਅੰਦਰਲੇ ਯੋਧੇ ਨੂੰ ਪਛਾਣ ਲੈਂਦਾ ਹੈ। ਤੇ ਉਹਨੂੰ ਪਹਿਲਾਂ ਭਰਤੀ ਹੋਏ ਬੱਚਿਆਂ ਦੀ ਬੱਚਾ ਪਲਟਨ ਵਿਚ ਸ਼ਾਮਲ ਕਰ ਲੈਂਦਾ ਹੈ।

ਏਥੇ ਹੀ ਹਰੀ ਸਿੰਘ ਦੀ ਜਰਨੈਲ ਵਾਲੀ ਸ਼ਖਸੀਅਤ ਦੀ ਉਸਾਰੀ ਹੁੰਦੀ ਹੈ। ਉਹ ਸ਼ਿਕਾਰੀ ਮੁਹਿੰਮਾਂ ਦੀ ਅਗਵਾਈ ਕਰਦਾ ਹੈ। ਆਪਣੇ ਜੌਹਰ ਵਿਖਾਉਂਦਾ ਹੈ। ਉਹਦੀ ਲਿਆਕਤ, ਬਹਾਦਰੀ ਤੇ ਯੋਧੇ ਵਾਲੇ ਗੁਣਾਂ ਕਰਕੇ ਹੀ ਮਹਾਰਾਜਾ ਉਹਨੂੰ ਛੋਟੀ ਉਮਰੇ ਵੱਡੀ ਜ਼ਿੰਮੇਵਾਰੀ ਸੌਂਪ ਦੇਂਦਾ ਹੈ-

'ਹਰੀ ਸਿੰਘ ਨੂੰ ਸਮਝ ਨਾ ਆਵੇ ਉਹ ਕੀ ਕਰੇ। 16-17 ਸਾਲਾਂ ਦਾ ਨੌਜਵਾਨ 800 ਸਵਾਰ ਤੇ ਪੈਦਲ ਸਿਪਾਹੀਆਂ ਦਾ ਸਰਦਾਰ ਬਣ ਗਿਆ। ਉਹ ਕੁਝ ਘਬਰਾਇਆ ਦਿਸਿਆ। ਮਹਾਰਾਜਾ ਉਸ ਵੱਲ ਤਾੜ ਰਿਹਾ ਸੀ। ਚੜ੍ਹਦੀ ਉਮਰ, ਸਡੌਲ ਸਰੀਰ, ਤਿੱਖੇ ਨੈਣ ਨਕਸ਼,ਮੂੰਹ ਉਪਰ ਦਾੜ੍ਹੀ ਦੀ ਜ਼ਰਾ ਜ਼ਰਾ ਭੂਰੀ ਲੂਈਂ। ਦਰਬਾਰ ਵਿਚ

ਸਾਵਧਾਨ ਹੋਇਆ ਖੜਾ ਉਹ ਬੇਹੱਦ ਦਿਲਕਸ਼ ਨੌਜਵਾਨ ਜਾਪਿਆ। ਰਣਜੀਤ ਸਿੰਘ ਨੇ ਇਕ ਵਾਰ ਫਿਰ ਐਲਾਨ ਕੀਤਾ:

- ਇਹ ਨੌਜਵਾਨ ਹੁਣ ਹਰੀ ਸਿੰਘ ਨਹੀਂ, ਹਰੀ ਸਿੰਘ ਨਲਵਾ ਸਰਦਾਰ ਹੈ।'

ਇਸ ਨਾਵਲੀ ਬਿਰਤਾਂਤ ਵਿਚ ਹਰੀ ਸਿੰਘ ਦੀ ਜੀਵਨ ਗਾਥਾ ਦੇ ਨਾਲ ਨਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ,ਉਹਦੀਆਂ ਲੜਾਈਆਂ, ਵੱਖ-ਵੱਖ ਮਿਸਲਾਂ ਨੂੰ ਆਪਣੇ ਅਧੀਨ ਕਰਨਾ ਤੇ ਰਾਜ ਦਾ ਵਿਸਥਾਰ, ਬਹੁਪੱਖੀ ਗੁਣਾਂ ਦਾ ਧਾਰਨੀ ਹੋਣ ਦੇ ਨਾਲ ਨਾਲ ਆਪਣੀ ਪਰਜਾ ਬਾਰੇ ਉਹਦੇ ਫਿਕਰ ਦੇ ਕਾਰਜ ਵੀ ਨਾਲ ਨਾਲ ਚਲਦੇ ਹਨ। ਅਜਿਹੇ ਬਿਰਤਾਂਤ ਭਾਵੇਂ ਸਿਧੇ ਰੂਪ ਵਿਚ ਇਤਿਹਾਸ ਨਹੀਂ ਹੁੰਦੇ ਪਰ ਇਹ ਇਤਿਹਾਸਕ ਪਹਿਲੂਆਂ ਨੂੰ ਨਾਲ ਲੈ ਕੇ ਚਲਦੇ ਹਨ। ਇਤਿਹਾਸਕ ਸ਼ਖਸੀਅਤ ਦਾ ਅਸਲ ਸਥਾਨ ਇਤਿਹਾਸ ਵਿਚ ਹੁੰਦਾ ਹੈ ਪਰ ਅਜਿਹੇ ਬਿਰਤਾਂਤ ਉਹਦੀ ਇਤਿਹਾਸਕ ਤੇ ਸ਼ਖਸੀ ਗੁਣਾਂ ਨੂੰ ਉਭਾਰਨ ਤੇ ਸ਼ਾਨੋ ਸ਼ੌਕਤ ਨੂੰ ਗਲੋਰੀਫਾਈ ਕਰਨ ਲਈ ਸਿਰਜੇ ਜਾਂਦੇ ਹਨ। ਆਲੋਚਨਾਤਮਕ ਟੀਕਾ ਟਿੱਪਣੀ ਦੀ ਇਸ ਵਿਚ ਗੁੰਜਾਇਸ਼ ਘੱਟ ਹੁੰਦੀ ਹੈ, ਕਿਉਂਕਿ ਸਾਰੀ ਬਣਤਰ ਤੇ ਬੁਣਤਰ ਦੇ ਪੈਟਰਨ ਪਹਿਲਾਂ ਹੀ ਇਤਿਹਾਸ ਵਿਚ ਸਿਰਜੇ ਹੁੰਦੇ ਹਨ। ਉਨ੍ਹਾਂ ਦੀ ਪੁਨਰ ਪੇਸ਼ਕਾਰੀ ਵਿਚ ਸਿਰਫ ਗਲਪੀ ਰਸ ਤੇ ਜੁਗਤਾਂ ਰਾਹੀਂ ਉਹਨੂੰ ਉਭਾਰਿਆ ਜਾ ਸਕਦਾ ਹੈ।

ਹਰੀ ਸਿੰਘ ਦੀਆਂ ਫੌਜੀ ਮੁਹਿੰਮਾਂ ਤੇ ਉਹਦੀ ਫੌਜੀ ਯੋਜਨਾ ਨੂੰ ਲੰਮੇ ਚੌੜੇ ਵਿਸਥਾਰ ਵਿਚ ਪੇਸ਼ ਕੀਤਾ ਹੈ। ਨਵਾਬ ਕੁੱਤਬਦੀਨ ਨਾਲ ਉਹਦੀ ਪਹਿਲੀ ਮੁਠਭੇੜ ਨੂੰ ਬੜੇ ਦਿਲਚਸਪ ਢੰਗ ਨਾਲ ਪੇਸ਼ ਕੀਤਾ ਹੈ-

> 'ਹਰੀ ਸਿੰਘ ਨਲਵੇ ਦੀ ਇਹ ਪਹਿਲੀ ਜੰਗੀ ਮੁਹਿੰਮ ਸੀ। ਉਹ ਬੇਚੈਨ ਤਾਂ ਸੀ ਹੀ ਪਰੇਸ਼ਾਨ ਵੀ ਸੀ। ਜੇ ਕੋਈ ਕੋਤਾਹੀ ਹੋ ਗਈ। ਜੇ ਸਿੰਘ ਸਾਹਿਬ ਦੀਆਂ ਉਮੀਦਾਂ 'ਤੇ ਪੂਰਾ ਨਾ ਉਤਰਿਆ। ਜੇ ਏਥੇ ਫਤਹਿ ਨਾ ਹੋਈ ਤਾਂ ਸਾਰੀ ਉਮਰ ਇਹ ਕਲੰਕ ਧੋਤਾ ਨਹੀਂ ਜਾਣਾ। ਉਸਦੀ ਨੀਂਦ ਉੱਡ ਗਈ। ਫਿਰ ਅਕਾਲੀ ਫੂਲਾ ਸਿੰਘ ਨੂੰ ਜਾਬਤੇ ਵਿਚ ਰੱਖਣਾ ਵੀ ਇਕ ਸਮੱਸਿਆ ਸੀ। ਡੂੰਘੀ ਰਾਤ ਤੱਕ ਉਹ ਪਾਸੇ ਪਰਤਦਾ ਰਿਹਾ। ਉਹਨੇ ਮਨ ਨਾਲ ਕੋਈ ਫੈਸਲਾ ਕੀਤਾ, ਉਠਿਆ ਤੇ ਅਕਾਲੀ ਫੂਲਾ ਸਿੰਘ ਦੇ ਤੰਬੂ ਵੱਲ ਤੁਰ ਪਿਆ।'

ਜਦੋਂ ਲਹੌਰ ਦਰਬਾਰ ਵਿਚ ਇਹ ਖਬਰ ਪਹੁੰਚਦੀ ਹੈ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਕਸੂਰ ਫਤਹਿ ਹੋ ਗਿਆ ਤੇ ਨਵਾਬ ਕੁੱਤਬਦੀਨ ਖਾਲਸਾ ਫੌਜ ਦੇ ਕਬਜੇ ਵਿਚ ਹੈ ਤਾਂ ਮਹਾਰਾਜੇ ਦੇ ਮੂੰਹੋਂ ਸੁਭਾਵਿਕ ਨਿਕਲਦਾ ਹੈ- ਵਾਹ ਮੇਰਾ ਨਲਵਾ ਸਰਦਾਰ।' ਇਸ ਤੋਂ ਅੱਗੇ ਸਭ ਤੋਂ ਵੱਡੀ ਮੁਹਿੰਮ ਮੁਲਤਾਨ ਦੀ ਫਤਹਿ ਸੀ। ਮੁਲਤਾਨ 'ਤੇ ਖਾਲਸਾ ਰਾਜ ਦਾ ਝੰਡਾ ਝੂਲਣਾ ਇਤਿਹਾਸ ਦੀ ਸਭ ਤੋਂ ਅਹਿਮ ਘਟਨਾ ਹੈ ਤੇ ਇਸਦਾ ਸਿਹਰਾ ਹਰੀ ਸਿੰਘ ਨਲਵੇ ਦੇ ਸਿਰ ਬੱਝਦਾ ਹੈ।

ਇਸ ਤੋਂ ਇਲਾਵਾ ਟਿਵਾਣਿਆਂ ਦੇ ਇਲਾਕੇ 'ਤੇ ਜਿੱਤ, ਕਸ਼ਮੀਰ 'ਤੇ ਜਿੱਤ, ਮਹਿਮੂਦ ਕੋਟ ਦੀ ਮੁਹਿੰਮ, ਮੁਲਤਾਨ ਦੀ ਘੇਰਾਬੰਦੀ, ਪੇਸ਼ਾਵਰ ਦੀ ਜਿੱਤ,ਅੱਟਕ ਵੱਲ ਧਾਵਾ ਬੋਲਣਾ ਤੇ ਜਮਰੌਦ ਦੇ ਕਿਲ੍ਹੇ ਨੂੰ ਜਿੱਤਣ ਤੋਂ ਇਲਾਵਾ ਹੋਰ ਕਈ ਛੋਟੀਆਂ ਮੋਟੀਆਂ ਮੁਹਿੰਮਾਂ ਨਾਲ ਵੱਡ ਅਕਾਰੀ ਬਿਰਤਾਂਤ ਸਿਰਜਿਆ ਗਿਆ ਹੈ। ਇਸਦੀ ਸਮਾਪਤੀ ਹਰੀ ਸਿੰਘ ਨਲਵੇ ਦੀ ਮੌਤ ਨਾਲ ਹੁੰਦੀ ਹੈ। ਅਸਲ ਵਿਚ ਇਹ ਸਾਰਾ ਬਿਰਤਾਂਤ ਹਰੀ ਸਿੰਘ ਨਲਵੇ ਤੇ ਲਹੌਰ ਦਰਬਾਰ ਦੀਆਂ ਮੁਹਿੰਮਾਂ ਨਾਲ ਬੁਣਿਆ ਹੋਇਆ ਹੈ। ਹਰੀ ਸਿੰਘ ਨਲਵਾ ਇਤਿਹਾਸ ਵਿਚ ਮਹਾਨ ਯੋਧੇ ਦੇ ਨਾਲ ਨਾਲ ਜੰਗੀ ਮੁਹਿੰਮਾਂ ਦੇ ਯੋਜਨਾਕਾਰ ਵਜੋਂ ਵੀ ਪ੍ਰਸਿੱਧ ਹੈ। ਉਹਦੀ ਬਹਾਦਰੀ, ਲਿਆਕਤ ਤੇ ਜੋਸ਼ ਦੇ ਅਨੇਕਾਂ ਕਿੱਸੇ ਮਸ਼ਹੂਰ ਹਨ।

ਸਮੁੱਚੇ ਰੂਪ ਵਿਚ ਹਰੀ ਸਿੰਘ ਨਲਵੇ ਬਾਰੇ ਇਸ ਨਾਵਲੀ ਬਿਰਤਾਂਤ ਵਿਚ ਭਰਪੂਰ ਤੇ ਦਿਲਚਸਪ ਜਾਣਕਾਰੀ ਹੈ। ਲੇਖਕ ਕਈ ਥਾਵਾਂ 'ਤੇ ਇਤਿਹਾਸਕ ਹਵਾਲਿਆਂ ਨਾਲ ਆਪਣੀ ਗੱਲ ਦੀ ਪੁਸ਼ਟੀ ਕਰਦਾ ਹੈ। ਉਹਨੇ ਇਹ ਸਾਰਾ ਬਿਰਤਾਂਤ ਸਿਰਜਣ ਤੋਂ ਪਹਿਲਾਂ ਹਰੀ ਸਿੰਘ ਨਲਵੇ ਬਾਰੇ ਮਿਲਦੀ ਸਾਰੀ ਇਤਿਹਾਸਕ ਜਾਣਕਾਰੀ ਨੂੰ ਘੋਖਿਆ ਹੈ ਤੇ ਜਿਹੜੀ ਸਾਮੱਗਰੀ ਉਹਨੂੰ ਲੋੜੀਂਦੀ ਸੀ ਉਹਦੀ ਚੋਣ ਕਰ ਲਈ ਤੇ ਜਿਸ ਬਾਰੇ ਅਸਪਸ਼ਟਤਾ ਜਾਂ ਇਤਿਹਾਸਕ ਪੱਖੋਂ ਕੋਈ ਊਣ ਨਜ਼ਰ ਆਈ ਉਸਨੂੰ ਛੱਡ ਦਿੱਤਾ। ਕੁਲ ਮਿਲਾ ਕੇ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਬਲਦੇਵ ਸਿੰਘ ਨੇ ਇਤਿਹਾਸ ਤੇ ਗਲਪੀ ਬਿਰਤਾਂਤ ਦੀ ਇਸ ਨਵੀਂ ਜੁਗਲਬੰਦੀ ਰਾਹੀਂ ਦਿਲਚਸਪ ਪਾਠ ਸਿਰਜਣ ਦਾ ਉਪਰਾਲਾ ਕੀਤਾ ਹੈ। ਇਹ ਜਿਥੇ ਇਤਿਹਾਸ ਤੇ ਇਤਿਹਾਸਕ ਕਾਰਨਾਮਿਆਂ ਬਾਰੇ ਜਾਣਕਾਰੀ ਦੇਂਦੇ ਹਨ ਓਥੇ ਗਲਪੀ ਰਸ ਵੀ ਪ੍ਰਦਾਨ ਕਰਦੇ ਹਨ।

✧


ISSN : 2395-1273